# ਭਗਤ ਬਰਾਬਰਿ ਅਉਰੁ ਨ ਕੋਇ

## ਬਿਲਾਵਲੁ

**ਜਿਹ ਕੁਲ ਸਾਧੁ ਬੈਸਨੌ ਹੋਇ॥**
**ਬਰਨ ਅਬਰਨ ਰੰਕੁ ਨਹੀ ਈਸੁਰੁ ਬਿਮਲ ਬਾਸੁ ਜਾਨੀਐ ਜਗਿ ਸੋਇ॥੧॥ਰਹਾਉ॥**

ਇਹ ਸ਼ਬਦ, ਭਗਤ ਰਵਿਦਾਸ ਜੀ ਦਾ ਉਚਾਰਣ ਕੀਤਾ ਹੋਇਆ ਹੈ ਅਤੇ ਅੰਕ ੮੫੮ ਤੇ, ਬਿਲਾਵਲ ਰਾਗ ਵਿਚ ਅੰਕਤ ਹੈ।

-- ਜਿਸ ਕਿਸੇ ਕੁਲ ਵਿਚ ਵੀ, ਕੋਈ, ਪਰਮਾਤਮਾ ਦਾ ਭਗਤ ਜਨਮ ਧਾਰਦਾ ਹੈ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਦੇ, ਅੰਕ ੩੨ ਤੇ ਬਚਨ ਹਨ ਕਿ ਉਹ ਜਨਨੀ ਧੰਨ ਹੈ ਉਹ ਪਿਤਾ ਧੰਨ ਹੈ, ਭਾਗਾਂ ਵਾਲਾ ਹੈ ਜਿਨ੍ਹਾਂ ਦੇ ਘਰ ਪ੍ਰਭੂ ਦਾ ਭਗਤ ਜਨਮ ਧਾਰ ਕੇ ਆਉਂਦਾ ਹੈ - 'ਧਨੁ ਜਨਨੀ ਜਿਨਿ ਜਾਇਆ ਧਨੁ ਪਿਤਾ ਪਰਧਾਨੁ॥' ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਵੀ ਅਜਿਹੇ ਹੀ ਬਚਨ ਹਨ ਕਿ ਉਹ ਪਿਤਾ, ਉਹ ਮਾਤਾ, ਉਹ ਕੁਲ ਧੰਨ ਹਨ ਜਿਨ੍ਹਾਂ ਨੇ ਗੁਰੂ ਹਸਤੀ ਨੂੰ ਜਨਮ ਦਿਤਾ ਹੈ - 'ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥' ਭਗਤ ਨਾਮਦੇਵ ਜੀ ਨੇ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਲੈਣ ਲਈ ਵੀ ਅਜਿਹੇ ਹੀ ਬਚਨ ਕੀਤੇ ਹਨ ਕਿ ਜਿਸ ਦੇਵਕੀ ਦੇ ਘਰ ਰਮਈਆ ਕਵਲਾਪਤੀ, ਪ੍ਰਭੂ ਦਾ ਸਰੂਪ ਜਨਮ ਲੈ ਕੇ ਆਇਆ ਹੈ, ਉਹ ਧੰਨ ਹੈ। ਉਨ੍ਹਾਂ ਨੇ ਤਾਂ ਉਨ੍ਹਾਂ ਦੀ ਕੰਬਲੀ, ਕੰਬਲੀ ਦੀ ਊਨ ਦੀ ਭੇਡ, ਬਿੰਦਰਾਬਨ ਨੂੰ ਵੀ ਧੰਨ ਕਹਿ ਦਿਤਾ ਹੈ - 'ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥ਧਨਿ ਧਨਿ ਬਨ ਖੰਡ ਬਿੰਦਰਾਬਨਾ॥ਜਹ ਖੇਲੈ ਸ੍ਰੀ ਨਾਰਾਇਨਾ॥..', ਅੰਕ ੯੮੮.

-- ਪ੍ਰਭੂ ਦੀਆਂ ਨਜ਼ਰਾਂ ਵਿਚ ਇਹ ਨਹੀਂ ਵੇਖਿਆ ਜਾਂਦਾ ਕਿ ਉਹ ਭਗਤ ਉਚੀ ਜਾਤ ਵਿਚ ਜਨਮੇਂ ਜਾਂ ਨੀਵੀਂ, ਚਾਹੇ ਅਮੀਰ ਹੋਵੇ ਜਾਂ ਗ਼ਰੀਬ, ਉਸ ਦੀ ਪਵਿਤਰ ਮਹਿਮਾ ਅਤੇ ਸੁਗੰਧੀ, ਸੋਭਾ ਸਾਰੇ ਜਗ ਅੰਦਰ ਪ੍ਰਗਟ ਹੋ ਜਾਂਦੀ ਹੈ।੧।ਰਹਾਉ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ ਬਚਨ ਹਨ ਕਿ ਨਾਮ ਰੂਪੀ ਰਤਨ ਜਿਸ ਕੋਲ ਹੋਵੇ, ਉਹ ਪ੍ਰਗਟ ਹੋ ਹੀ ਜਾਂਦਾ ਹੈ - 'ਰਤਨੁ ਲੁਕਾਇਆ ਲੂਕੈ ਨਾਹੀ ਜੇ ਕੋ ਰਖੈ ਲੁਕਾਈ॥', ਅੰਕ ੬੦੮. ਸ੍ਰੀ ਗੁਰੂ ਅਰਜਨ ਸਾਹਿਬ ਦੇ ਬਚਨ ਹਨ ਕਿ ਮਹਾਤਮਾ, ਭਗਤ ਭਾਵੇਂ ਟੁਟੀ ਝੁਗੀ ਵਿਚ ਵਸਦਾ ਹੋਵੇ, ਉਸ ਦੇ ਕਪੜੇ ਪਾਟੇ ਹੋਣ, ਜਾਤ ਵੀ ਨੀਵੀਂ ਹੋਵੇ, ਦਰ ਦਰ ਭਟਕਦਾ ਹੋਵੇ, ਕੋਈ ਮਿਤਰ ਸਾਕ ਸਬੰਧੀ ਨਾ ਹੋਣ ਤਾਂ ਵੀ ਉਹੀ ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਰਾਜਾ ਹੁੰਦਾ ਹੈ - 'ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ॥ ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ॥ ਮਿਤ੍ਰ ਨ ਇਠ ਧਨ ਰੂਪ ਹੀਣ ਕਿਛੁ ਸਾਕੁ ਨ ਸਿੰਨਾ॥ ਰਾਜਾ ਸਗਲੀ ਸ੍ਰਿਸ਼ਟਿ ਕਾ ਹਰਿ ਨਾਮਿ ਮਨੁ ਭਿੰਨਾ॥' ਭਾਈ ਵੀਰ ਸਿੰਘ ਜੀ ਦੇ '**ਬਿਨਖਸ਼ੇ ਦਾ ਫੁਲ**' ਦੀ ਮਹਿਕ ਵਾਂਙ, ਮਹਾਤਮਾ ਦੀ ਵਡਿਆਈ, ਪ੍ਰਗਟ ਹੋ ਹੀ ਜਾਂਦੀ ਹੈ। ਪਰ ਪਤਾ ਉਨ੍ਹਾਂ ਨੂੰ ਹੀ ਲਗਦੀ ਹੈ, ਜਿਨ੍ਹਾਂ ਦੇ ਭਾਗਾਂ ਵਿਚ ਹੋਵੇ।

**ਬ੍ਰਹਮਨ ਬੈਸ ਸੂਦ ਅਰੁ ਖ੍ਯ੍ਯ੍ਰੀ ਡੋਮ ਚੰਡਾਰ ਮਲੇਛ ਮਨ ਸੋਇ॥**
**ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ॥**

-- ਭਾਵੇਂ ਉਹ ਭਗਤ, ਬ੍ਰਾਹਮਣ ਹੋਵੇ, ਵੈਸ਼, ਸ਼ੂਦਰ, ਖਤਰੀ, ਮਰਾਸੀ ਜਾਂ ਚੰਡਾਲ ਹੋਵੇ, ਜਾਂ ਮਲੇਛ ਮਨ ਵਾਲਾ ਹੋਵੇ

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਅੰਕ ੮੩੫ ਤੇ ਵਾਕ ਹਨ ਕਿ ਭਗਤ ਆਪ ਤਾਂ ਤਰਿਆ ਹੀ ਹੁੰਦਾ ਹੈ, ਜੋ ਵੀ ਉਸ ਦੀ ਸ਼ਰਣ ਵਿਚ ਵੀ ਆ ਜਾਵੇ, ਉਹ ਵੀ ਤਰ ਜਾਂਦਾ ਹੈ, ਉਹ ਭਾਵੇਂ ਖਤਰੀ ਹੋਵੇ ਜਾਂ ਬ੍ਰਾਹਮਣ, ਸ਼ੂਦਰ, ਵੈਸ਼ ਜਾਂ ਚੰਡਾਲ ਹੀ ਹੋਵੇ - 'ਸਾਧੂ ਸਰਣਿ ਪਰੈ ਸੋ ਉਬਰੈ ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਚੰਡਾਲੁ ਚੰਡਈਆ॥' ਪਾਤਸ਼ਾਹ ਅਗੋਂ ਹੋਰ ਬਚਨ ਕਰਦੇ ਹਨ ਕਿ ਪ੍ਰਭੂ ਨੇ ਹਮੇਸ਼ਾਂ ਭਗਤਾਂ ਦੀ ਪੈਜ ਰਖੀ ਹੈ, ਉਹ ਉਨ੍ਹਾਂ ਨੂੰ ਅੰਗੀਕਾਰ ਕਰਦਾ ਹੀ ਆਇਆ ਹੈ - 'ਸੰਤ ਜਨਾ ਕੀ ਹਰਿ ਪੈਜ ਰਖਾਈ ਭਗਤਿ ਵਛਲੁ ਅੰਗੀਕਾਰੁ ਕਰਈਆ॥'

ਸ੍ਰੀ ਗੁਰੂ ਅਰਜਨ ਸਾਹਿਬ ਦੇ, ਅੰਕ ੩੦੦ ਤੇ ਬਚਨ ਹਨ ਕਿ ਭਗਤੀ ਭਾਵੇਂ ਖਤਰੀ ਕਰੇ ਜਾਂ ਬ੍ਰਾਹਮਣ, ਸ਼ੂਦਰ ਵੈਸ਼ ਜਾਂ ਚੰਡਾਲ। ਜੋ ਵੀ ਪ੍ਰਭੂ ਦਾ ਨਾਮ ਸਿਮਰਦੇ ਹਨ, ਉਨ੍ਹਾਂ ਦਾ ਉਧਾਰ ਹੋ ਜਾਂਦਾ ਹੈ। ਜਿਨ੍ਹਾਂ ਭਗਤਾਂ ਨੇ ਇੰਵ ਆਪਣੇ ਪ੍ਰਭੂ ਨੂੰ ਜਾਣ ਲਿਆ ਹੋਇਆ ਹੈ, ਪਾਤਸ਼ਾਹ ਉਸਦੇ ਚਰਣਾਂ ਦੀ ਧੂੜ ਲੈਣ ਦੀ ਲੋਚਾ ਰਖਣ ਬਾਰੇ ਉਪਦੇਸ਼ ਕਰਦੇ ਹਨ - 'ਖਤ੍ਰੀ ਬ੍ਰਾਹਮਣੁ ਸੂਦ ਬੈਸੁ ਉਧਰੈ ਸਿਮਰਿ ਚੰਡਾਲ॥ ਜਿਨਿ ਜਾਨਿਓ ਪ੍ਰਭੁ ਆਪਨਾ ਨਾਨਕ ਤਿਸਹਿ ਰਵਾਲ॥'

-- ਉਹ ਭਗਵੰਤ ਪ੍ਰਭੂ ਦੇ ਕੀਤੇ ਭਜਨ ਬੰਦਗੀ ਕਰ ਕੇ, ਅਤਿ ਪਵਿਤਰ ਹੋਇਆ ਹੁੰਦਾ ਹੈ। ਉਹ ਆਪ ਤਰਿਆ ਹੁੰਦਾ ਹੈ ਅਤੇ ਆਪਣੀਆਂ ਦੋਨੋ ਪਾਸਿਆਂ ਦੀਆਂ ਕੁਲਾਂ ਤਾਰ ਦਿੰਦਾ ਹੈ।੧।

ਸ੍ਰੀ ਗੁਰੂ ਅਮਰਦਾਸ ਸਾਹਿਬ ਦੇ, ਅੰਕ ੬੬ ਤੇ ਬਚਨ ਹਨ ਕਿ ਭਗਤੀ ਦੇ ਰੰਗ ਵਿਚ ਰੰਗੇ ਹੋਏ ਭਗਤ, ਉਸ ਦੇ ਦਰ ਤੇ ਸਚਿਆਰ ਹੁੰਦੇ ਹਨ। ਉਹ ਦੁਨੀਆਂ ਤੇ ਜਨਮ ਲੈ ਕੇ ਆਏ, ਪਰਵਾਨ ਚੜ੍ਹੇ ਹੁੰਦੇ ਹਨ ਅਤੇ ਆਪਣੀਆਂ ਸਭ ਕੁਲਾਂ ਦਾ ਹੀ ਉਧਾਰ ਕਰ ਦਿੰਦੇ ਹਨ - 'ਸਚੀ ਭਗਤੀ ਸਚਿ ਰਤੇ ਦਰਿ ਸਚੈ ਸਚਿਆਰ॥ ਆਏ ਸੇ ਪਰਵਾਣੁ ਹੈ ਸਭ ਕੁਲ ਕਾ ਕਰਹਿ ਉਧਾਰੁ॥' ਫ਼ਿਰ ਅੰਕ ੧੧੩੩ ਤੇ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ, ਸੰਤ ਜਨਾਂ ਦੇ ਸਭ ਕਾਰਜ ਸਵਾਰਦਾ ਹੈ। ਇਥੋਂ ਤਕ ਕਿ ਭਗਤ ਪ੍ਰਹਿਲਾਦ ਦੀਆਂ, ਉਸ ਨੇ ਇਕੀਹ ਕੁਲਾਂ ਦਾ ਉਧਾਰ ਕਰ ਦਿਤਾ - 'ਸੰਤ ਜਨਾ ਕੇ ਹਰਿ ਜੀਉ ਕਾਰਜ ਸਵਾਰੇ॥ ਪ੍ਰਹਲਾਦ ਜਨ ਕੇ ਇਕੀਹ ਕੁਲ ਉਧਾਰੇ॥' ਭਗਤੀ ਦਾ ਇਤਿਹਾਸ ਗਵਾਹ ਹੈ ਕਿ ਕਿਵੇਂ, ਅਨੇਕਾਂ ਨੀਵੀਂ ਜਾਤ ਵਿਚ, ਪ੍ਰਵਾਨਤ ਭਗਤ ਹੋਏ ਹਨ, ਜਿਨ੍ਹਾਂ ਦਾ ਜ਼ਿਕਰ, ਗੁਰਬਾਣੀ ਵਿਚ ਬਹੁਤ ਮਿਲਦਾ ਹੈ।

**ਧੰਨਿ ਸੁ ਗਾਉ ਧੰਨਿ ਸੋ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ॥**
**ਜਿਨਿ ਪੀਆ ਸਾਰ ਰਸੁ ਤਜੇ ਆਨ ਰਸ ਹੋਇ ਰਸ ਮਗਨ ਡਾਰੇ ਬਿਖੁ ਖੋਇ॥੨॥**

-- ਜਿਸ ਪਿੰਡ ਵਿਚ ਭਗਤ ਨੇ ਜਨਮ ਲਿਆ ਹੁੰਦਾ ਹੈ, ਉਹ ਧੰਨ ਹੋ ਜਾਂਦਾ ਹੈ, ਉਹ ਥਾਂ ਵੀ ਧੰਨ ਹੋ ਜਾਂਦੀ ਹੈ, ਉਹ, ਸਾਰੇ ਲੋਕ (ਸਾਰੇ ਜਹਾਨ), ਕੁਟੰਬ, ਪਵਿਤਰ ਅਤੇ ਧੰਨ ਹੋ ਜਾਂਦਾ ਹੈ, ਜਿਥੇ ਅਤੇ ਜਦੋਂ ਭਗਤ ਦਾ ਜਨਮ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੬੮੧ ਤੇ ਫ਼ੁਰਮਾਣ ਕਰਦੇ ਹਨ ਕਿ ਉਹ ਥਾਂ ਧੰਨ ਹੈ, ਉਹ

ਭਵਨ ਧੰਨ ਹੈ ਜਿਥੇ ਸੰਤ ਦਾ ਵਾਸਾ ਹੈ - 'ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥' ਇਸ ਤੋਂ ਉਲਟ ਅਵੱਸਥਾ ਵਿਚ, ਭਗਤ ਕਬੀਰ ਜੀ ਦੇ ਬਚਨ ਹਨ ਕਿ ਜਿਸ ਘਰ, ਸਾਧੂ ਸੰਤ ਦੀ ਸੇਵਾ ਨਹੀਂ ਹੁੰਦੀ, ਉਥੇ ਹਰੀ ਪ੍ਰਭੂ ਦੀ ਬੰਦਗੀ ਸੰਭਵ ਨਹੀਂ। ਸਗੋਂ ਉਹ ਘਰ ਸਾਖ਼ਸ਼ਾਤ ਸ਼ਮਸ਼ਾਨ ਭੂਮੀ ਹਨ ਅਤੇ ਉਸ ਘਰ ਵਿਚ ਰਹਿਣ ਵਾਲੇ ਭੂਤ ਹਨ - 'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥', ਅੰਕ ੧੩੭੪.

ਭਗਤ ਦਾ ਜਨਮ ਲੈਣਾ ਤਾਂ ਬਹੁਤ ਵਡੀ ਗਲ ਹੈ, ਭਗਤ ਕਬੀਰ ਜੀ ਤਾਂ ਇਥੋਂ ਤਕ ਬਚਨ ਕੀਤੇ ਹਨ ਕਿ ਜੋ ਵਿਅਕਤੀ ਰਾਮ ਨਾਮ ਲੈਂਦਾ ਹੈ, ਸਿਮਰਣ ਕਰਦਾ ਹੈ, ਉਸ ਦੇ ਆਪਣੇ ਸਰੀਰ ਦੀ ਤਾਂ ਗਲ ਕਿਤੇ ਰਹੀ, ਉਹ ਸਾਰਾ ਪਿੰਡ ਹੀ ਪਵਿਤਰ ਹੋ ਜਾਂਦਾ ਹੈ - 'ਕਬੀਰ ਸੋੁਈ ਮੁਖੁ ਧੰਨਿ ਹੈ ਜਾ ਮੁਖਿ ਕਹੀਐ ਰਾਮੁ॥ ਦੇਹੀ ਕਿਸ ਕੀ ਬਾਪੁਰੀ ਪਵਿਤ੍ਰੁ ਹੋਇਗੋ ਗ੍ਰਾਮੁ॥', ਅੰਕ ੧੩੭੦.

ਭਗਤ ਨਾਮਦੇਵ ਜੀ ਅਨੁਸਾਰ, ਮਹਾਰਾਜ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਲੈਣ ਨਾਲ, ਮਾਤਾ ਦੇਵਕੀ ਧੰਨ ਹੋ ਗਈ, ਉਹ ਭੇਡ ਵੀ ਧੰਨ ਹੋ ਗਈ ਜਿਸਦੀ ਊਨ ਦੀ ਕੰਬਲੀ ਉਨ੍ਹਾਂ ਨੇ ਓੜ੍ਹੀ, ਉਹ ਬਿੰਦਰਾਬਨ ਧੰਨ ਹੋ ਗਿਆ ਜਿਥੇ ਉਨ੍ਹਾਂ ਨੇ ਕੌਤਕ ਕੀਤੇ - 'ਧਨਿ ਧਨਿ ਮੇਘਾ ਰੋਮਾਵਲੀ॥ ਧਨਿ ਧਨਿ ਕ੍ਰਿਸਨ ਓਢੈ ਕਾਂਬਲੀ॥ ਧਨਿ ਧਨਿ ਤੂ ਮਾਤਾ ਦੇਵਕੀ॥ ਜਿਹ ਗ੍ਰਿਹ ਰਮਈਆ ਕਵਲਾਪਤੀ॥ ਧਨਿ ਧਨਿ ਬਨ ਖੰਡ ਬਿੰਦ੍ਰਾਬਨਾ॥ ਜਿਹ ਖੇਲੈ ਸ੍ਰੀ ਨਾਰਾਇਨਾ॥', ਪੰਨਾ ੯੮੮.

-- ਉਸ ਭਗਤ ਨੇ ਨਾਮ ਰਸ ਪੀਤਾ ਹੁੰਦਾ ਹੈ, ਬਾਕੀ ਬਿਖਿਆ ਦੇ ਰਸ ਛਡੇ ਹੁੰਦੇ ਹਨ, ਉਹ ਨਾਮ ਰਸ ਵਿਚ ਮਗਨ ਹੁੰਦਾ ਹੈ ਅਤੇ ਹਰ ਤਰ੍ਹਾਂ ਦੀ ਬਿਖਿਆ ਦਾ ਤਿਆਗ ਕੀਤਾ ਹੁੰਦਾ ਹੈ।੨।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਸਲੋਕਾਂ ਵਿਚ ਬਚਨ ਕੀਤੇ ਹਨ ਕਿ ਜਿਸ ਨੇ ਸਭ ਤਰ੍ਹਾਂ ਦੀ ਬਿਖਿਆ, ਵਿਕਾਰ ਆਦਿ ਛਡ ਕੇ ਰੱਬੀ ਵੇਸ ਧਾਰਣ ਕਰ ਲਿਆ ਹੈ, ਸਚ ਜਾਣੋ, ਉਸ ਬੰਦੇ ਦੇ ਮਥੇ ਦੇ ਭਾਗ ਉਤਮ ਹਨ - 'ਜਿਹਿ ਬਿਖਿਆ ਸਗਲੀ ਤਜੀ ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨੁ ਰੇ ਮਨਾ ਤਿਹ ਨਰ ਮਾਥੈ ਭਾਗੁ॥', ਪੰਨਾ ੧੪੨੭. ਅਜਿਹੀ ਪ੍ਰਾਪਤੀ ਉਸ ਨੂੰ ਹੀ ਹੁੰਦੀ ਹੈ ਜਿਸ ਦੇ ਉਤਮ ਭਾਗ ਹੋਣ।

**ਪੰਡਿਤ ਸੂਰ ਛਤ੍ਰਪਤਿ ਰਾਜਾ ਭਗਤ ਬਰਾਬਰਿ ਅਉਰੁ ਨ ਕੋਇ॥**
**ਜੈਸੇ ਪੁਰੈਨ ਪਾਤ ਰਹੈ ਜਲ ਸਮੀਪ ਭਨਿ ਰਵਿਦਾਸ ਜਨਮੇ ਜਗਿ ਓਇ॥੩॥੨॥**

-- ਭਾਵੇਂ ਕੋਈ ਵਿਦਵਾਨ ਪੰਡਤ ਹੋਵੇ, ਭਾਵੇਂ ਛਤ੍ਰਪਤੀ ਰਾਜਾ ਹੋਵੇ, ਭਗਤ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।

ਸ੍ਰੀ ਗੁਰੂ ਅਰਜਨ ਸਾਹਿਬ ਦੇ, ਅੰਕ ੮੦੭ ਤੇ ਬਚਨ ਹਨ ਕਿ ਛਤਰਪਤੀ ਰਾਜੇ ਤਾਂ ਕਈ ਆ ਕੇ ਚਲੇ ਗਏ, ਪਰ ਪ੍ਰਭੂ ਤਾਂ ਸਦਾ ਸੰਤਾਂ ਦੇ ਹਿਰਦੇ ਵਿਚ ਵਸਦਾ ਹੈ, ਜਿਸ ਨੂੰ ਉਹ ਬਚਨ ਕਰ ਦੇਣ, ਉਹ ਨਿਤ ਗੋਪਾਲ ਪ੍ਰਭੂ ਦਾ ਨਾਮ ਜਪਣ ਲਗ ਜਾਂਦਾ ਹੈ ਅਤੇ ਸਿਮਰਣ ਕਰ ਕਰ ਕੇ ਹਰੀ ਦੇ ਨਾਮ ਦੇ ਰੰਗ ਵਿਚ ਰੰਗਿਆ ਜਾਂਦਾ ਹੈ, ਜਿਸ ਨਾਲ ਉਸ ਦਾ ਵੀ ਉਧਾਰ ਹੋ ਜਾਂਦਾ ਹੈ

- 'ਊਠਿ ਸਿਧਾਰੇ ਛਤ੍ਰਪਤਿ ਸੰਤਨ ਕੈ ਖਿਆਲ॥..ਸਤਿ ਬਚਨ ਸਾਧੂ ਕਹਹਿ ਨਿਤ ਜਪਹਿ ਗੁਪਾਲ।। ਸਿਮਰਿ ਸਿਮਰਿ ਨਾਨਕ ਤਰੇ ਹਰਿ ਕੇ ਰੰਗ ਲਾਲ॥', ਅੰਕ ੮੦੭. ਸਹਸਕ੍ਰਿਤੀ ਸਲੋਕਾਂ ਵਿਚ ਫ਼ੁਰਮਾਣ ਕਰਦੇ ਹਨ ਕਿ ਵਾਹਿਗੁਰੂ ਦੇ ਭਗਤ ਹੀ ਅਸਲ ਸੂਰਮੇ ਹਨ ਜੋ ਜਿਤੇ ਨਹੀਂ ਜਾ ਸਕਦੇ। ਉਨ੍ਹਾਂ ਨੇ ਗਰੀਬੀ, ਨਿਮਰਤਾ ਨੂੰ ਆਪਣੀ ਸੰਜੋਅ ਬਣਾਇਆ ਹੁੰਦਾ ਹੈ - 'ਸੈਨਾ ਸਾਧ ਸਮੂਹ ਸੂਰ ਅਜਿਤੰ ਸੰਨਾਹੰ ਤਨਿ ਨਿੰਮ੍ਰਤਾਹ॥' ਭਗਤਾਂ ਦੇ ਦਰ ਤੇ ਅਨੇਕਾਂ ਰਾਜੇ ਰਾਣੇ ਝੁਕਦੇ ਆਏ ਹਨ।

ਪੰਡਤ ਦੀ ਅਖਉਤੀ ਵਡਿਆਈ, ਭਗਤ ਕਬੀਰ ਜੀ ਨੇ ਇਉਂ ਖਾਰਜ ਕਰ ਦਿਤੀ ਕਿ ਉਹ ਪੰਡਤ ਤਾਂ ਹਰ ਵੇਲੇ ਧਰਮ ਗ੍ਰੰਥਾਂ ਦੇ ਅਤੇ ਗਾਇਤ੍ਰੀ ਆਦਿ ਦੇ ਪਾਠਾਂ ਵਿਚ ਹੀ ਰੁਝਿਆ ਰਿਹਾ ਪਰ ਉਸ ਦੇ ਪਲੇ ਕੋਈ ਪ੍ਰਾਪਤੀ ਨਹੀਂ ਪਈ, ਪਰ ਪ੍ਰਭੂ ਤਾਂ ਭਗਤ ਕਬੀਰ ਜੀ ਵਰਗੇ ਭਗਤਾਂ ਦੇ ਹਿਰਦੇ ਵਿਚ ਹੀ ਵਸਦਾ ਹੈ - 'ਤੁਮ੍ ਤਉ ਬੇਦ ਪੜਹੁ ਗਾਇਤ੍ਰੀ ਗੋਬਿੰਦੁ ਰਿਦੈ ਹਮਾਰੇ॥', ਅੰਕ ੪੮੨.

- - ਭਗਤ ਰਵਿਦਾਸ ਫ਼ੁਰਮਾਣ ਕਰਦੇ ਹਨ ਕਿ ਭਗਤ ਸੰਸਾਰ ਵਿਚ ਜਨਮ ਲੈ ਕੇ ਮਾਇਆ ਭੋਗਦੇ ਹੋਏ, ਮਾਇਆ ਵਿਚ ਰਹਿੰਦੇ ਹੋਏ, ਮਾਇਆ ਦੇ ਚਿਕੜ ਤੋਂ ਇੰਞ ਨਿਰਲੇਪ ਰਹਿੰਦੇ ਹਨ ਜਿਵੇਂ ਨੀਲੋਫ਼ਰ ਜਾਂ ਪਦਮਨੀ ਦੇ ਬੂਟੇ ਪਾਣੀ ਕੋਲ ਰਹਿ ਕੇ ਪਾਣੀ ਦੇ ਗਾਲਣ ਵਾਲੇ ਅਸਰ ਤੋਂ ਨਿਰਲੇਪ ਰਹਿੰਦੇ ਹਨ।

ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ ਅਜਿਹਾ ਹੀ ਫ਼ੁਰਮਾਣ ਕੀਤਾ ਹੋਇਆ ਹੈ ਕਿ ਭਗਤ ਜਨਾਂ ਦਾ ਤਨ ਮਨ, ਪਰਮਾਤਮਾ ਨਾਲ ਸਾਂਝ ਹੋਣ ਕਰ ਕੇ, ਇੰਞ ਸੀਤਲ ਰਹਿੰਦਾ ਹੈ ਜਿਵੇਂ ਨੀਲੋਫ਼ਰ ਦਾ ਬੂਟਾ ਪਾਣੀ ਨਾਲ ਅਤੇ ਕਮਲ ਵੀ ਪਾਣੀ ਦੇ ਉਪਰ ਰਹਿ ਕੇ ਅਭਿਜ ਰਹਿੰਦੇ ਹਨ। ਸਭ ਕੁਝ ਹੁੰਦੇ ਹੋਏ ਵੀ, ਭਗਤ ਜਨ, ਨਾਮ ਵਿਚ ਰੰਗੇ ਹੋਏ ਸਦਾ, ਗੰਨੇ ਦੇ ਰਸ ਵਾਂਙੂੰ ਮਿਠੇ, ਭਾਵ, ਪਰਉਪਕਾਰੀ ਰਹਿੰਦੇ ਹਨ - 'ਤਨੁ ਮਨੁ ਸੀਤਲੁ ਸਾਚੁ ਪਰੀਖ॥ ਜਲ ਪੁਰਾਇਨਿ ਰਸ ਕਮਲ ਪਰੀਖ॥ ਸਬਦਿ ਰਤੇ ਮੀਠੇ ਰਸ ਈਖ॥', ਅੰਕ ੧੫੨.

